# 10+2 vocational (garment making) – (095)

# Paper 1. Question bank

**One sentence answer**

1. ਫੈਸ਼ਨ ਦੇ ਇਤਿਹਾਸ ਵਿਚ ਸੁਨਹਿਰੀ ਕਾਲ ਕਿਸ ਨੂੰ ਕਿਹਾ ਜਾਂਦਾ ਹੈ?

2. ਗਰਡਲ ਸਰੀਰ ਦੇ ਕਿਸ ਹਿੱਸੇ ਤੇ ਬੰਨਿਆ ਜਾਂਦਾ ਹੈ?

3. ਰੇਖਾ ਚਿੱਤਰ ਡਿਜ਼ਾਈਨਰ ਕਿਸ ਨੂੰ ਆਖਦੇ ਹਨ?

4. ਫੈਡ ਕੀ ਹੁੰਦਾ ਹੈ?

5. ਫੈਸ਼ਨ ਸਾਇਕਲ ਕਿਸ ਨੂੰ ਕਿਹਾ ਜਾਂਦਾ ਹੈ?

6. ਫੈਸ਼ਨ ਦੀ ਕਿਹੜੀ ਅਵਸਥਾ ਵਿਚ ਕਪੜੇ ਸਭ ਤੋਂ ਮਹਿੰਗੇ ਹੁੰਦੇ ਹਨ?

7. ਪੈਨਸਿਲ ਸਿਲਹਟ ਦੀ ਬਾਕੀ ਸਿਲਹਟਾ ਦੇ ਮੁਕਾਬਲੇ ਕੀ ਖਾਸ ਵਿਸ਼ੇਸ਼ਤਾ ਹੈ?

8. ਪਫ਼ ਬਾਜੂ ਉਪਰ ਚੌਣਾ ਕਿਹੜੇ ਕਿਹੜੇ ਹਿੱਸੇ ਤੇ ਪਾਈਆਂ ਜਾਂਦੀਆਂ ਹਨ?

9. ਪਾਈਪਿੰਗ ਨਾਲ ਫਿਨਿਸ਼ ਕੀਤੀ ਜਾਣ ਵਾਲੀ ਕਿਸੇ ਇਕ ਪਾਕਿਟ ਦਾ ਨਾਮ ਲਿਖੋ।

10. ਗਾਰਮੈਂਟ ਵਿੱਚ ਫੀਟਿੰਗ ਤੋਂ ਕੀ ਭਾਵ ਹੈ

11. ਪੱਕੀ ਜਾਂ ਅੰਤਿਮ ਫਿਟਿੰਗ ਕੀ ਹੁੰਦੀ ਹੈ

12. ਪੰਜਾਬ ਦੀ ਪੁਰਾਤਨ ਕਢਾਈ ਦਾ ਨਾਮ ਦੱਸੋ

13. ਕਸੀਦਾ ਕਢਾਈ ਨੂੰ ਹੋਰ ਕੀ ਕਿਹਾ ਜਾਂਦਾ ਹੈ?

14. ਟਰਾਈ ਕਮਰਾ ਕੀ ਹੁੰਦਾ ਹੈ

15 ਟਰਾਈ ਕਮਰੇ ਵਿਚ ਕੀ ਹੋਣਾ ਲਾਜ਼ਮੀ ਹੈ

16. ਵਾਰਡਰੋਬ ਪਲੈਨਿੰਗ ਨੂੰ ਪ੍ਰਭਾਵਿਤ ਕਰਨ ਵਾਲੇ ਕਿਸੇ ਇੱਕ ਤੱਤ ਬਾਰੇ ਦੱਸੋ।

17. . ਅਲਮਾਰੀ ਯੋਜਨਾਬੰਦੀ ਤੋਂ ਕੀ ਭਾਵ ਹੈ?

18. ਸੁੱਬਰ ਕਿਸ ਨੂੰ ਆਖਦੇ ਹਨ?

19. ਨਜ਼ਰ ਬੂਟੀ ਤੇ ਨੋਟ ਲਿਖੋ।

20. ਟ੍ਰਾਈ ਕਮਰਾ ਕੀ ਹੁੰਦਾ ਹੈ?

## ਸਹੀ / ਗਲਤ

1. ਟਰਾਏ ਕਮਰੇ ਵਿਚ ਸ਼ੀਸ਼ੇ ਲੱਗੇ ਹੋਣੇ ਲਾਜਮੀ ਹੁੰਦੇ ਹਨ।
2. ਅਲਮਾਰੀ ਯੋਜਨਾਬੰਦੀ ਵਿੱਚ ਮੌਸਮ ਦਾ ਕੋਈ ਪ੍ਰਭਾਵ ਨਹੀਂ ਪੈਂਦਾ।
3. ਧਾਰਮਿਕ ਅਤੇ ਰੀਤੀ ਰਿਵਾਜ ਫੈਸ਼ਨ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ।
4. ਫੈਸ਼ਨ ਇੱਕ ਨਾ ਖ਼ਤਮ ਹੋਣ ਵਾਲੀ ਕਿਰਿਆ ਹੈ।
5. ਫੈਸ਼ਨ ਡਿਜ਼ਾਈਨਰ ਦਾ ਗਾਰਮੈਂਟ ਇੰਡਸਟਰੀ ਵਿੱਚ ਕੋਈ ਥਾਂ ਨਹੀਂ ਹੈ।
6. ਪੈਨਸਿਲ ਸਿਲਹਟ ਪੈਨਸਿਲ ਵਾਂਗ ਉਪਰ ਤੋਂ ਹੇਠਾਂ ਤੱਕ ਪਤਲੀ ਅਤੇ ਸਿੱਧੀ ਹੁੰਦੀ ਹੈ ।
7. ਪਫ਼ ਬਾਜੂ ਅਕਸਰ ਮਰਦਾਨਾ ਕੱਪੜਿਆਂ ਤੇ ਲਗਾਈ ਜਾਂਦੀ ਹੈ।
8. ਚੰਗੀ ਫਿਟਿੰਗ ਲਈ ਕਪੜੇ ਨੂੰ ਸਿੱਧੇ ਰੁੱਖ ਜਾਂ ਕੱਪੜੇ ਦੀ ਕੰਨੀ ਦੇ ਸਮਾਂਤਰ ਕੱਟਿਆ ਜਾਣਾ ਚਾਹੀਦਾ ਹੈ।
9. ਫੁਲਕਾਰੀ ਕਢਾਈ ਲਈ ਰੰਗ-ਬਿਰੰਗੇ ਪੱਟ ਦੇ ਧਾਗੇ ਹੀ ਵਰਤੇ ਜਾਂਦੇ ਹਨ।
10. ਦਸੂਤੀ ਕਢਾਈ ਪੰਜਾਬ ਦੀਆਂ ਪੁਰਾਤਨ ਕਢਾਈ ਹੈ |
11. ਬੱਚਿਆਂ ਦੇ ਕੱਪੜਿਆਂ ਵਿੱਚ ਗੁੰਜਾਇਸ਼ ਰਖਕੇ ਸਿਲਾਈ ਕਰਨੀ ਚਾਹੀਦੀ ਹੈ।
12. ਬ੍ਰਿਟਿਸ਼ ਕਾਲ ਨੂੰ ਸੁਨਹਿਰੀ ਕਾਲ ਮੰਨਿਆ ਜਾਂਦਾ ਹੈ।
13. ਨਾਪ ਗਲਤ ਨਾ ਲੈਣ ਕਰਕੇ ਕੱਪੜੇ ਦਾ ਨੁਕਸਾਨ ਹੋ ਸਕਦਾ ਹੈ।
14. ਚੁੜਾਈ ਰੁੱਖ ਉਪਰ ਵਾਲੇ ਸਿਲਵਟ ਕਪੜੇ ਦਾ ਮਾਪ ਨਾਲੋਂ ਜ਼ਿਆਦਾ ਖੁੱਲ੍ਹੇ ਹੋਣ ਦਾ ਅੰਦੇਸ਼ਾ ਦਿੰਦੇ ਹਨ।
15. ਫੁਲਕਾਰੀ ਦੇ ਸ਼ਾਲ ਵਿਆਹ ਤੇ ਸ਼ਗਨਾ ਵਾਲੇ ਮੌਕੇ ਪਹਿਨੇ ਜਾਂਦੇ ਹਨ।

## Multiple questions

1. ਫੈਸ਼ਨ ਦੇ ਇਤਿਹਾਸ ਵਿੱਚ ਕਿਹੜੇ ਕਾਲ ਮੰਨੇ ਜਾਂਦੇ ਹਨ?

    a) ਮੁਗ਼ਲ ਕਾਲ

    b)ਬ੍ਰਿਟਿਸ਼ ਕਾਲ

    c) ਗੁਪਤ ਕਾਲ

    d) ਉਪਰੋਕਤ ਸਾਰੇ।

2. ਸਿਲਹਟ ਤੋਂ ਕੀ ਭਾਵ ਹੈ

a) ਵਸਤਰ ਦੀ ਬਾਹਰੀ ਰੂਪ ਰੇਖਾ

b) ਕੱਪੜੇ ਦੀ ਫਿਟਿੰਗ

c) ਕਪੜੇ ਦੀ ਬਣਤਰ

d)ਡਰੈਸ ਦਾ ਸਾਈਜ਼

3. ਗੁਪਤ ਕਾਲ ਵਿਚ ਬੰਨ੍ਹਣ ਵਾਲ਼ੀ ਪੱਗ ਨੂੰ ਕੀ ਕਿਹਾ ਜਾਂਦਾ ਹੈ

a) ਕੰਨਕੂਕਾ

b) ਟੋਪੀ

c) ਹੈਟ

d) ਉਸ਼ਨਿਸਾ

4. ਬ੍ਰਿਟਿਸ਼ ਕਾਲ ਵਿਚ ਗਰਡਲ ਸਰੀਰ ਦੇ ਕਿਸ ਹਿੱਸੇ ਤੇ ਬੰਨਿਆਂ ਜਾਂਦਾ ਸੀ?

a)ਬਾਜੂ

b) ਕਮਰ

c) ਸਿਰ

d) ਪੈਰ

5. ਕੱਪੜਿਆਂ ਦਾ ਅਜਿਹਾ ਫੈਸ਼ਨ ਜੋ ਹਮੇਸ਼ਾ ਹੀ ਪਸੰਦ ਕੀਤਾ ਜਾਂਦਾ ਸੀ

a) ਕਲਾਸਿਕ

b) ਫੈਡ

c) ਸ਼ਿਕ

d) ਹਾਈ ਸਟਾਈਲ

6. ਹੇਠ ਲਿਖਿਆਂ ਵਿਚੋਂ ਕਿਹੜੇ ਫੈਸ਼ਨ ਦੇ ਸਿਧਾਂਤ ਹਨ

a) ਸਮਾਨਤਾ/ਅਨੂਰੂਪਤਾ

b) ਅਨੁਪਾਤ

c) ਸੰਤੁਲਨ

d) ਉਪਰੋਕਤ ਸਾਰੇ।

7. ਫੈਸ਼ਨ ਬਾਰੇ ਕੀਤੀ ਗਈ ਭਵਿੱਖਬਾਣੀ ਨੂੰ ਕੀ ਕਿਹਾ ਜਾਂਦਾ ਹੈ?

a) ਫੈਸ਼ਨ ਇਲੈਸਟੇਸ਼ਨ

b) ਕਾਓਤੂਰ

c) ਫੈਸ਼ਨ ਫਿਊਚਰ

d) ਫੈਸ਼ਨ ਫੋਰਕਾਸਟ

8. ਫੈਸ਼ਨ ਸ਼ੋਅਰੂਮ ਵਿੱਚ ਜਿੱਥੇ ਗਾਰਮੈਟ ਦੀ ਫਿਟਿੰਗ ਕੀਤੀ ਜਾਂਦੀ ਹੈ ਉਸ ਕਮਰੇ ਨੂੰ ਕੀ ਕਿਹਾ ਜਾਂਦਾ ਹੈ?

a) ਸਟੋਰ ਰੂਮ

b) ਟਰਾਈ ਰੂਮ

c) ਕੰਟੀਨ

d)  ਕੋਈ ਵੀ ਨਹੀਂ।

9. ਕਸੀਦਾ ਕਿਸ ਪ੍ਰਾਂਤ ਦੀ ਪੁਰਾਤਨ ਕਢਾਈ ਹੈ?

a) ਜੰਮੂ

b) ਕਸ਼ਮੀਰ

c) ਹਰਿਆਣਾ

d)  ਪੰਜਾਬ।

10. ਬਿਸ਼ਹਪ ਕਾਲਰ ਕਿੰਨਾ ਦੇ ਕੱਪੜਿਆਂ ਤੇ ਪਾਇਆ ਜਾਂਦਾ ਹੈ?

a) ਪਾਦਰੀਦੇ

b) ਕਿਸ਼ਤੀਵਾਨਾ ਦੇ

c)  ਬੱਚਿਆਂ ਦੇ

d) ਕਿਸੀ ਦੇ ਵੀ ਨਹੀਂ।

11. ਅਲਮਾਰੀ ਯੋਜਨਾ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਕਿਹੜੇ ਹਨ?

a) ਵਿਅਕਤੀ ਦੀਆਂ ਜ਼ਰੂਰਤਾ

b)  ਸਮਾਜਿਕ ਰੁਤਬਾ

c) ਆਮਦਨ

d) ਉਪਰੋਕਤ ਸਾਰੇ।

12. ਫੈਸ਼ਨ ਡਿਜ਼ਾਈਨਰ ਦਾ ਮੁੱਖ ਕੀ ਕੰਮ ਹੈ?

a) ਗਾਰਮੈਂਟ ਦੇ ਸਾਰੇ ਹਿੱਸਿਆਂ ਦਾ ਡਿਜ਼ਾਈਨ ਨੂੰ ਤਿਆਰ ਕਰਨਾ।

b) ਅਸਲ ਡਿਜ਼ਾਈਨ ਤਿਆਰ ਕਰਨਾ|

c) ਮਾਰਕੀਟ ਦੀ ਮੰਗ ਅਨੁਸਾਰ ਡਿਜ਼ਾਈਨ ਨੂੰ ਤਿਆਰ ਕਰਨਾ

d)  ਉਪਰੋਕਤ ਸਾਰੇ।

13. ਜਿਨ੍ਹਾਂ ਔਰਤਾਂ ਦੀ ਪਤਲੀ ਕਮਰ ਅਤੇ ਛੋਟੀ ਛਾਤੀ ਹੋਵੇ ਉਹਨਾਂ ਨੂੰ ਕਿਹੋ ਜਿਹੀ ਸਿਲਹਟ ਦੇ ਕੱਪੜੇ ਪਾਉਣ ਦਾ ਸੁਝਾਅ ਦੇਵੋਗੇ

a) ਸੀਮਤ

b) ਐਮਪਾਇਰ

c) ਟਿਊਲਿਪ

d) ਪੈਨਸਿਲ

14. ਕਿਸ ਸਿਲਹਟ ਵਾਲੀ ਡਰੈੱਸ ਗੋਡਿਆਂ ਤੱਕ ਤੰਗ ( ਫਿਟਿੰਗ) ਅਤੇ ਗੋਡਿਆਂ ਤੋਂ ਥੱਲੇ ਖੁੱਲੀ ਹੁੰਦੀ ਹੈ?

a) ਮਰਮੇਡ

b) ਪੈਨਸਿਲ

c) ਸਲਿਮ

d) ਏ-ਲਾਈਨ

15. ਹੇਠ ਲਿਖਿਆਂ ਵਿੱਚੋਂ ਕਿਹੜੀ ਫੁਲਕਾਰੀ ਦੀ ਕਿਸਮ ਨਹੀਂ ਹੈ?

a) ਤਿਲ ਪੱਤਰਾ

b)  ਸ਼ੀਸੇਦਾਰ ਫੁਲਕਾਰੀ

c)  ਚੋਪ

d)  ਕਾਂਥਾ

## ਖਾਲੀ ਥਾਂ ਭਰੋ

1. ਬੰਗਾਲ ਦੀ ਪੁਰਾਤਨ ਕਢਾਈ-----ਹੈ।
2. ਗਾਰਮੈਂਟ ਦੀ ਸਜਾਵਟ ਲਈ ਲਗਾਇਆ ਸਿੱਧਾ ਯੋਕ-------ਸ਼ੇਪ ਵਿੱਚ ਹੁੰਦਾ ਹੈ।
3. -----ਸਿਲਹਟ ਦੀ ਸ਼ੇਪ ਪੈਨਸਿਲ ਵਾਂਗ ਕਮਰ ਅਤੇ ਹਿਪ ਤੱਕ ਪਤਲੀ ਅਤੇ ਸਿੱਧੀ ਹੁੰਦੀ ਹੈ ।
4. ਫੈਸ਼ਨ ਦੀ ਆਰੰਭਤਾ ਵਿਚ ਕੱਪੜਿਆਂ ਦੀ ਕੀਮਤ ------ਹੁੰਦੀ ਹੈ।
5. ਜਿਹੜੇ ਵਿਅਕਤੀ ਫੈਸ਼ਨ ਨੂੰ ਸਭ ਤੋਂ ਪਹਿਲਾਂ ਮਨਜ਼ੂਰ ਕਰਕੇ ਅਪਨਾਉਂਦੇ ਹਨ,-----ਅਖਵਾਉਦੇ ਹਨ।
6. ..... ਪਾਕਿਟ ਨੂੰ ਪਾਈਪਿੰਗ ਜਾ ਫੇਸਿੰਗ ਨਾਲ ਫਿੰਨਿਸ਼ ਕੀਤਾ ਜਾਂਦਾ ਹੈ।
7. ਬਿਸ਼ਹਪ ਕਾਲਰ ਦੇ ਅਗਲੇ ਹਿੱਸੇ ਦਾ ਆਕਾਰ ਅੰਗਰੇਜ਼ੀ ਦੇ ਅੱਖਰ ......ਵਾਂਗੂ ਹੁੰਦਾ ਹੈ।
8. ..... ਬਾਜੂ ਦੀ ਸ਼ੇਪ ਘੰਟੀ ਵਰਗੀ ਹੁੰਦੀ ਹੈ।
9. ਗੁਪਤ ਕਾਲ ਨੂੰ ........ਕਾਲ ਵੀ ਕਿਹਾ ਜਾਂਦਾ ਹੈ।
10. ਫੁਲਕਾਰੀ ਕਢਾਈ ਲਈ ਰੰਗ-ਬਿਰੰਗੇ...... ਦੇ ਧਾਗੇ ਵਰਤੇ ਜਾਂਦੇ ਹਨ।
11. ਕੱਪੜੇ ਵਿੱਚ ਅਜਿਹਾ ਫੈਸ਼ਨ ਜੋ ਕਿ ਹਮੇਸ਼ਾ ਪਸੰਦ ਕੀਤਾ ਜਾਂਦਾ ਹੈ ਉਸ ਨੂੰ ....... ਕਿਹਾ ਜਾਂਦਾ ਹੈ।
12. ਸੇਲਰ ਕਾਲਰ ..... . ਦੀ ਵਰਦੀ ਤੋਂ ਉਤਸ਼ਾਹਿਤ ਹੋ ਕੇ ਬਣਾਇਆ ਗਿਆ ਸੀ।
13. ਫੁਲਕਾਰੀ ਕਢਾਈ ਸ਼ੀਸ਼ਿਆਂ ਨਾਲ ਜੜ੍ਹ ਕੇ ਬਣਾਈ ਜਾਂਦੀ ਹੈ ਉਸ ਨੂੰ ....... ਫੁਲਕਾਰੀ ਕਹਿੰਦੇ ਹਨ।
14. ਫੈਸ਼ਨ ਹਮੇਸ਼ਾ ਸਥਿਰ ਰਹਿੰਦਾ ਹੈ ਪਰ ਸਮੇ ਨਾਲ...... .. ਬਦਲਦਾ ਰਹਿੰਦਾ ਹੈ।
15. ਡਰੈੱਸ ਜਾਂ ਵਸਤਰ ਦੇ ਬਾਹਰ ਆਕਾਰ ਨੂੰ ਕਿਹਾ ਜਾਂਦਾ ਹੈ।

## Part -3

1. ਫਿਟਿੰਗ ਦੇ ਮੁੱਖ ਤੱਤ ਕਿਹੜੇ ਹਨ?
2. ਅਲਮਾਰੀ ਯੋਜਨਾ ਦੇ ਮੌਸਮ ਦਾ ਕੀ ਪ੍ਰਭਾਵ ਪੈਂਦਾ ਹੈ?
3. ਬਾਗ ਤੇ ਫੁਲਕਾਰੀ ਵਿਚ ਕੀ ਅੰਤਰ ਹੈ
4. ਟਰਾਈ ਰੂਮ ਤੇ ਨੋਟ ਲਿਖੋ।
5. ਬੁਰਕਾ ਕਿਸ ਨੂੰ ਆਖਦੇ ਹਨ?
6. ਰੇਖਾ ਚਿਤਰ ਡਿਜ਼ਾਈਨਰ ਕਿਸ ਨੂੰ ਆਖਦੇ ਹਨ?
7. ਫੈਸ਼ਨ ਸਾਇਕਲ ਕਿਸ ਨੂੰ ਕਿਹਾ ਜਾਂਦਾ ਹੈ?
8. ਫੈਸ਼ਨ ਡਿਜ਼ਾਈਨਰ ਅਤੇ ਕੱਪੜਾ ਡਿਜ਼ਾਈਨਰ ਵਿੱਚ ਕੀ ਅੰਤਰ ਹੈ?
9. ਫੈਸ਼ਨ ਨੂੰ ਅਸਵੀਕਾਰ ਕਿਉਂ ਕੀਤਾ ਜਾਂਦਾ ਹੈ
10. ਮਾਸ ਫੈਸ਼ਨ ਅਤੇ ਹਾਈ ਫੈਸ਼ਨ ਵਿੱਚ ਕੀ ਅੰਤਰ ਹੈ?
11. ਫੈਸ਼ਨ ਵਿਰੋਧੀ ਦੋ ਮੁੱਖ ਤੱਤਾਂ ਦਾ ਵਰਨਣ ਕਰੋ।
12. ਸਿਲਹਟ ਤੋਂ ਕੀ ਭਾਵ ਹੈ?
13. ਕਸਟਮ ਕਪੜੇ ਤੇ ਨੋਟ ਲਿਖੋ।
14. ਪੈਨਸਿਲ ਸਿਲਹਟ ਦੀ ਬਾਕੀ ਸਿਲਹਟਾ ਦੇ ਮੁਕਾਬਲੇ ਕੀ ਖਾਸ ਵਿਸ਼ੇਸ਼ਤਾ ਹੈ?
15. ਬੱਚਿਆਂ ਦੀਆਂ ਪੁਸ਼ਾਕਾਂ ਲਈ ਵਰਤੇ ਜਾਣ ਵਾਲੇ ਕੋਈ ਦੋ ਕਾਲਰਾਂ ਬਾਰੇ ਲਿਖੋ।
16. ਯੂਰਪ ਵਿਚ ਵਿਆਹ ਦੇ ਮੌਕੇ ਪਾਈ ਜਾਣ ਵਾਲੀ ਪੁਸ਼ਾਕ ਲਈ ਕਿਸ ਸਿਲਹਟ ਦੀ ਵਰਤੋਂ ਕੀਤੀ ਜਾਂਦੀ ਹੈ?
17. ਕਨਵਰਟੇਬਲ ਕਲਰ ਕਿਸ ਨੂੰ ਆਖਦੇ ਹਨ?
18. ਛੋਟੀ ਛਾਤੀ ਅਤੇ ਪਤਲੀ ਕਮਰ ਵਾਲੀਆਂ ਔਰਤਾਂ ਦੀ ਪੁਸ਼ਾਕ ਲਈ ਜ਼ਿਲ੍ਹਾ ਸੁਝਾਓ।
19. ਗਰੇਨ ਕਿਸ ਨੂੰ ਕਿਹਾ ਜਾਂਦਾ ਹੈ ਇਹ ਕੱਪੜੇ ਦੀ ਕਟਾਈ ਵਿੱਚ ਕਿਸ ਤਰ੍ਹਾਂ ਕੰਮ ਹੁੰਦਾ ਹੈ?
20. ਕੱਪੜੇ ਦੇ ਸੰਤੁਲਨ ਤੋ ਕੀ ਭਾਵ ਹੈ?

## Match the following

| | | |
|---|---|---|
| 1 | ਰੇਖਾ-ਚਿਤਰ ਡਿਜਾਇਨਰ | ਫੈਸ਼ਨ ਬਾਰੇ ਕੀਤੀ ਗਈ ਭਵਿੱਖਬਾਣੀ। |
| 2 | ਕਪੜਾ ਡਿਜ਼ਾਈਨਰ | ਬਹੁਤ ਜ਼ਿਆਦਾ ਮਾਤਰਾ ਵਿਚ ਹਲਕੀ ਕੁਆਲਿਟੀ ਅਤੇ ਮੁੱਲ ਘੱਟ ਹੋਣਾ। |
| 3 | ਫੈਸ਼ਨ ਲੀਡਰ | ਪਗ |
| 4 | ਫੈਸ਼ਨ ਫੋਰਕਾਸਟ | ਕੱਪੜੇ ਮਹਿੰਗੇ ਹੋਣ ਕਾਰਨ ਬਹੁਤ ਘੱਟ ਲੋਕ ਖਰੀਦਦੇ ਹਨ। |
| 5 | ਫੁਲਕਾਰੀ ਕਢਾਈ | ਅਜਿਹੀ ਸਿਲਹਟ ਜੋ ਗੋਡਿਆਂ ਤੱਕ ਫਿਟਿੰਗ ਅਤੇ ਗੋਡਿਆਂ ਤੋਂ ਥੱਲੇ ਖੁੱਲੀ ਹੁੰਦੀ ਹੈ |
| 6 | ਕਸੀਦਾ ਕਢਾਈ | ਬਾਜੂ |
| 7 | ਮਰਮੇਡ ਸਿਲਹਟ | ਕਸ਼ਮੀਰ |
| 8 | ਪੈਨਸਿਲ ਸਿਲਹਟ | ਵਸਤਰ ਦੀ ਬਾਹਰੀ ਰੂਪ ਰੇਖਾ। |
| | | |
| 9 | ਪਫ਼, ਲੈਗ ਔ ਮਟਨ | ਉਹ ਡਿਜਾਇਨਰ ਜੋ ਕਿਤਾਬਾਂ ,ਤਾਲਿਕਾਵਾਂ, ਫੈਸ਼ਨ - ਰਸਾਲਿਆਂ ਜਾਂ ਫੈਸ਼ਨ ਸਬੰਧੀ ਅਖਬਾਰਾਂ ਵਿੱਚ ਜਾਣਕਾਰੀ ਦਿੰਦੇ ਹਨ। |
| 10 | ਨਹਿਰੂ ਕਾਲਰ, ਪੀਟਰ ਪੈਨ ਕਾਲਰ | ਜੋ ਕੱਪੜਿਆਂ ਤੋਂ ਲੈ ਕੇ ਗਲੀਚਿਆਂ ਤਕ ਦੀ ਡਿਜਾਇਨਿੰਗ ਕਰਦੇ ਹਨ। |
| 11 | ਸਿਲਹਟ | ਪੰਜਾਬ |
| 12 | ਫੈਸ਼ਨ ਦੀ ਅਰੰਭਤਾ | ਉਹ ਵਿਅਕਤੀ ਜੋ ਕਿਸੇ ਫੈਸ਼ਨ ਨੂੰ ਸਭ ਤੋਂ ਪਹਿਲਾਂ ਮਨਜੂਰ ਕਰਕੇ ਅਪਣਾਉਂਦੇ ਹਨ। |
| 13 | ਫੈਸ਼ਨ ਦਾ ਆਪ੍ਰਚੱਲਿਤ ਹੋਣਾ | ਕਾਲਰ |
| 14 | ਉਸ਼ਨਿਸਾ਼ | ਫੈਸ਼ਨ ਦਾ ਸਟਾਇਲ ਪੂਰੀ ਤਰ੍ਹਾਂ ਖਤਮ ਹੋਣਾ ਕਿਸੇ ਵੀ ਕੀਮਤ ਤੇ ਨਾ ਵਿਕਣਾ । |
| 15 | ਨੈਕ ਆਫ | ਅਜਿਹੀ ਸਿਲਹਟ ਜਿਸ ਦੀ ਸ਼ੇਪ ਕਮਰ ਤੋਂ ਹਿਪ ਤੱਕ ਪਤਲੀ ਅਤੇ ਸਿੱਧੀ ਹੁੰਦੀ ਹੈ। |

**10+2 vocational (garment making)     paper code – (096)**

**commercial clothing**

**question bank**

3 ਨੰਬਰ ਵਾਲੇ ਪ੍ਰਸ਼ਨ ਉੱਤਰ

1. ਫੈਸ਼ਨ ਸ਼ੋਅ ਕਿਉਂ ਲਗਾਏ ਜਾਂਦੇ ਹਨ?
2. ਬੁਲਾਕ ਲੇ-ਆਊਟ ਤੋਂ ਕੀ ਭਾਵ ਹੈ?
3. ਗਰੇਡਿੰਗ ਚਾਰਟ ਦਰਸਾਉਂਦਾ ਹੈ ?
4. ਮਸ਼ੀਨ ਦਾ ਬਖੀਆ, ਸਿਲਾਈ ਲਈ ਇੱਕ ਇੰਚ ਵਿੱਚ ਕਿੰਨੇ ਸਟਿਚ ਦੇ ਹਿਸਾਬ ਨਾਲ ਰੱਖਣਾ ਚਾਹੀਦਾ ਹੈ?
5. ਵਿਕਰੀ ਨੂੰ ਪ੍ਰੋਤਸ਼ਾਹਿਤ ਕਰਨ ਦੇ ਕੋਈ ਤਿੰਨ ਢੰਗ ਦੱਸੋ।
6. ਮਰਦਾਂ ਦੀ ਛਾਤੀ ਅਤੇ ਕਮਰ ਦੇ ਨਾਲ ਆਪ ਵਿੱਚ ਕਿੰਨੇ ਇੰਚ ਦਾ ਫਰਕ ਹੁੰਦਾ ਹੈ?
7. ਰੇਡੀਮੇਟ ਕੱਪੜਿਆਂ ਵਿੱਚ ਆਕਾਰ ਕਿਵੇਂ ਲਿਖਿਆ ਜਾਂਦਾ ਹੈ?
8. ਮਾਸਟਰ ਪੈਟਰਨ ਕੀ ਹੁੰਦਾ ਹੈ?
9. ਸਟੀਲੈਟੋ ਕਿਸ ਕੰਮ ਆਉਂਦਾ ਹੈ?
10. ਕਰੀਵਲ ਸੂਈ ਇਸ ਤਰਾਂ ਦੀ ਹੁੰਦੀ ਹੈ ਅਤੇ ਕਿਸ ਕੰਮ ਆਉਂਦੀ ਹੈ?
11. ਅੰਗੂਸਤਾਨਾ ਤੇ ਨੋਟ ਲਿਖੋ।
12. ਗਰਮੀਆਂ ਨਾਲੋਂ ਸਰਦੀਆਂ ਦੀਆਂ ਪੁਸ਼ਾਕਾਂ ਲਈ ਕੱਪੜਾ ਵੱਧ ਕਿਉਂ ਲੱਗਦਾ ਹੈ?
13. ਕੱਪੜਿਆਂ ਨੂੰ ਚੰਗੀ ਤਹਿ ਲਗਾਉਣੀ ਕਿਉ ਜਰੂਰੀ ਹੈ?
14. ਗਾਹਕਾਂ ਨੂੰ ਕੱਪੜਿਆਂ ਦੇ ਮੁਫ਼ਤ ਨਮੂਨੇ ਕਿਉਂ ਵੰਡੇ ਜਾਂਦੇ ਹਨ?
15. ਕੱਪੜਿਆਂ ਦੀ ਵਰਕਮੈਨਸ਼ਿਪ ਤੋਂ ਕੀ ਭਾਵ ਹੈ ?
16. ਕੱਪੜਾ ਫੈਕਟਰੀ ਵਿਚ ਕੱਪੜੇ ਦੀ ਧੁਲਾਈ ਤੇ ਨੋਟ ਲਿਖੋ।
17. ਸਟੋਰ ਦੀ ਅੰਦਰੂਨੀ ਸਜਾਵਟ ਦਾ ਵਿਕਰੀ ਉਤੇ ਕੀ ਪ੍ਰਭਾਵ ਪੈਂਦਾ ਹੈ?
18. ਸਾਈਜ਼ ਰੇਂਜ ਤੋਂ ਕੀ ਭਾਵ ਹੈ?
19. ਕੱਪੜੇ (ਰੈਡੀਮੇਡ ਗਾਰਮੈਂਟ )ਦੀ ਕੀਮਤ ਕਿਵੇਂ ਨਿਰਧਾਰਿਤ ਕੀਤੀ ਜਾਂਦੀ ਹੈ?
20. ਆਟੋਮੈਟਿਕ ਕਟਾਈ ਮਸ਼ੀਨ ਤੇ ਨੋਟ ਲਿਖੋ।

Very short answer type question

1. ਵਿਕਰੀ ਪ੍ਰੋਤਸਾਹਨ ਦੇ ਦੋ ਢੰਗ ਦੱਸੋ।
2. ਫੈਸ਼ਨ ਬੁੱਕ ਤੋਂ ਕੀ ਭਾਵ ਹੈ?
3. ਰੇਡੀਮੇਡ ਕੱਪੜੇ ਖਰੀਦਣ ਸਮੇਂ ਕਪੱੜੇ ਦਾ ਕੋਈ ਇੱਕ ਗੁਣ ਦੱਸੋ।
4. ਔਰਤਾਂ ਦੀ ਛਾਤੀ ਅਤੇ ਕਮਰ ਵਿੱਚ ਕਿੰਨੇ ਇੰਚ ਦਾ ਅੰਤਰ ਹੁੰਦਾ ਹੈ?
5. ਲੰਬਾਈ ਦੇ ਨਾਪ ਦੀ ਕੋਈ ਇਕ ਉਦਾਹਰਣ ਦਿਉ।
6. ਸਾਈਜ਼ (s) ਤੋਂ ਕੀ ਭਾਵ ਹੈ?
7. ਗਰੇਡਿੰਗ ਤੋਂ ਕੀ ਭਾਵ ਹੈ?
8. ਗਰੇਡਿੰਗ ਦੇ ਦੋ ਢੰਗ ਦੱਸੋ।
9. ਖੰਦੂਈ ਕਿਸ ਨੂੰ ਆਖਦੇ ਹਨ?
10. ਕੱਪੜੇ ਦੇ ਅਰਜ਼ ਤੋਂ ਕੀ ਭਾਵ ਹੈ?
11. ਨੋਚਰ ਕਿਸ ਆਕਾਰ ਦੇ ਹੁੰਦੇ ਹਨ?
12. ਗਾਰਮੈਂਟ ਦੀਆਂ ਸਿਲਾਈਆਂ ਨੂੰ ਪੱਕਾ ਕਰਨ ਲਈ ਕੀ ਕੀਤਾ ਜਾਂਦਾ ਹੈ?
13. ਸਧਾਰਣ ਸਿਲਾਈ ਵਿੱਚ ਇੱਕ ਇੰਚ ਵਿੱਚ ਬਖੀਏ ਦੇ ਕਿੰਨੇ ਸਟਿਚ ਹੋਣੇ ਚਾਹੀਦੇ ਹਨ?
14. ਗਾਰਮੈਂਟ ਦੀ ਪੈਕਿੰਗ ਸਮੇਂ ਡੱਬੇ ਵਿਚ ਗਾਰਮੈਂਟ ਰੱਖਣ ਤੋਂ ਪਹਿਲਾਂ ਕੀ ਵਿਛਾ ਕੇ ਰੱਖਿਆ ਜਾਂਦਾ ਹੈ ਤਾਂ ਜੋ ਗਾਰਮੈਂਟ ਖਰਾਬ ਨਾ ਹੋਵੇ?
15. ਕਪੜੇ ਦੀ ਸਿਲਾਈ ਕਰਦੇ ਸਮੇਂ ਕਰੀਜ ਨੂੰ ਬਿਠਾਉਣ ਲਈ ਕਿਸ ਚੀਜ਼ ਦੀ ਵਰਤੋਂ ਕੀਤੀ ਜਾਂਦੀ ਹੈ?
16. ਚੂੜੀਦਾਰ ਪਜਾਮੇ ਲਈ ਕਿੰਨੇ ਕੱਪੜੇ ਦੀ ਲੋੜ ਪਵੇਗੀ?
17. ਕੀ ਪੇਪਰ ਪੈਟਰਨ ਤੋਂ ਕੱਪੜੇ ਦਾ ਅੰਦਾਜ਼ਾ ਲਗਾਉਣਾ ਸੌਖਾ ਹੁੰਦਾ ਹੈ?
18. ਗਰੇਨ ਲਾਈਨ ਤੋਂ ਕੀ ਭਾਵ ਹੈ?
19. ਰੇਡੀਮੇਡ ਗਾਰਮੈਂਟ ਦੀ ਕੋਈ ਇਕ ਮਹੱਤਤਾ ਦੱਸੋ।
20. ਸੇਲਜ਼ਮੈਨ ਦਾ ਕੋਈ ਇਕ ਗੁਣ ਦੱਸੋ।

Multiple choice question answer

1. ਗਾਰਮੈਂਟ ਦੀਆਂ ਅੰਦਰਲੀਆਂ ਸਲਾਈਆਂ ਨੂੰ ਪੱਕਾ ਕਰਨ ਲਈ ਵਰਤੀ ਜਾਣ ਵਾਲੀਆਂ ਕਿਹੜੀ ਹੈ?

a) ਡਬਲ ਸੂਈ ਮਸ਼ੀਨ

b) ਓਵਰ ਲਾਕ ਮਸ਼ੀਨ

c) ਘਰੇਲੂ ਮਸ਼ੀਨ

d) ਬਟਨ ਹੋਲ ਮਸ਼ੀਨ

2. ਗਰੀਡਿੰਗ ਦੇ ਢੰਗ ਦੱਸੋ

a) ਕੰਪਿਊਟਰ ਨਾਲ

b) ਹੱਥਾਂ ਨਾਲ਼

c) ਉਪਰੋਕਤ ਦੋਵੇਂ।

d) ਕੋਈ ਵੀ ਨਹੀਂ

3. ਜਨਾਨਾ ਕਮੀਜ਼ ਦੀ ਡਰਾਫਟਿੰਗ ਲਈ ਮੁੱਖ ਨਾਪ ਕਿਹੜੇ ਹਨ?

a) ਤੀਰਾ

b) ਕਮੀਜ ਦੀ ਲੰਬਾਈ

c) ਛਾਤੀ ਕਮਰ,ਹਿਪ ਦੀ ਗੁਲਾਈ

d) ਉਪਰੋਕਤ ਸਾਰੇ।

4. ਇੱਕ ਇੰਚ ਵਿੱਚ ਕਿੰਨੇ ਸੈਂਟੀਮੀਟਰ ਹੁੰਦੇ ਹਨ?

    a) 2.5
    b) 2
    c) 2.54
    d) 1

5. ਬੱਚਿਆਂ ਲਈ ਕਿਹੋ ਜਿਹੇ ਕੱਪੜਿਆਂ ਦੀ ਚੋਣ ਕਰਨੀ ਚਾਹੀਦੀ ਹੈ?

a) ਮੋਟੇ ਅਤੇ ਭਾਈ ਸਤਹ੍ਹ ਵਾਲੇ

b) ਜਾਲੀਦਾ

c) ਨਰਮ ਅਤੇ ਹਲਕੀ ਸਤਹ੍ਹ ਵਾਲੇ

d) ਰੇਸ਼ਮੀ

6. ਸਰੀਰਿਕ ਨਾਪ ਕਿਸ ਢੰਗ ਨਾਲ ਲੈਣਾ ਚਾਹੀਦਾ ਹੈ?

a) ਲੰਬਾਈ ਵੱਲੋਂ

b) ਚੌੜਾਈ ਵੱਲੋਂ

c) ਕਰਮਬੱਧ ਤਰੀਕੇ ਰਾਹੀਂ

d) ਗੋਲਾਈ ਵਲੋਂ

7. ਕੋਰਡ ਮਸ਼ੀਨ ਕਿਸ ਕੰਮ ਆਉਂਦੀ ਹੈ?

a) ਜ਼ਿਗ ਜੈਂਗ ਟਾਂਕੇ ਲਗਾਉਣ ਦੇ

b) ਡੋਰੀ ਲਗਾਉਣ ਦੇ

c) ਸਿਲਾਈ ਕਰਨ ਦੇ

d) ਕਢਾਈ ਕਰਨ ਦੇ

8. ਮਨੁਖੀ ਸ਼ਰੀਰਕ ਵਿਕਾਸ ਉੱਤੇ ਕਿੰਨਾ ਤੱਤਾਂ ਦਾ ਪ੍ਰਭਾਵ ਪੈਂਦਾ ਹੈ?

a) ਖਾਣ ਪੀਣ

b) ਵੰਸ਼ ਪ੍ਰਭਾਵ

c) ਦੇਸ਼ ਅਤੇ ਪ੍ਰਾਂਤ ਦਾ ਜਲਵਾਯੂ

d) ਉਪਰੋਕਤ ਸਾਰੇ

9. ਸਟੈਂਡਰਡ ਨਾਪ ਦੇ ਪੈਟਰਨ ਨੂੰ ਵੱਡੇ ਜਾਂ ਛੋਟੇ ਸਾਈਜ਼ ਵਿੱਚ ਗਰੇਡ ਕਰਨ ਨੂੰ ਕੀ ਕਿਹਾ ਜਾਂਦਾ ਹੈ?

a) ਗਰੇਡਿੰਗ

b) ਲੇ ਆਊਟ

c) ਪੈਟਰਨ

d) ਰੇਡੀਮੇਡ

10. ਗਰੇਡ ਕਰਨ ਨੂੰ ਕੀ ਕਿਹਾ ਜਾਂਦਾ ਹੈ?

a) ਗਰੇਡਿੰਗ

b) ਲੇ ਆਊਟ

c) ਪੈਟਰਨ

d) ਰੇਡੀਮੇਡ

11. ਸੂਈਆਂ ਕਿਨੇ ਪਰਕਾਰ ਦੀਆਂ ਹੁੰਦੀਆਂ ਹਨ?

a) ਹੱਥ ਦੀਆਂ ਸੂਈਆਂ

b) ਮਸ਼ੀਨ ਦੀਆਂ ਸੂਈਆਂ

c) ਉਪਰੋਕਤ ਦੋਵੇਂ

d) ਕੋਈ ਵੀ ਨਹੀਂ

12. ਵਸਤਰ ਦੇ ਸਾਈਜ਼ ਰੇਜ਼ ਤੋਂ ਕੀ ਭਾਵ ਹੈ?

a) ਬਸਤਰ ਦਾ ਸਾਈਜ਼

b) ਵਸਤਰ ਦੀ ਸਿਲਹਟ

c) ਵਸਤਰ ਦਾ ਰੰਗ

d) ਵਸਤਰ ਦੀ ਬਣਤਰ

13. ਵਿਕਰੀ ਨੂੰ ਪ੍ਰੋਤਸਾਹਿਤ ਕਰਨ ਲਈ ਹੇਠ ਲਿਖਿਆਂ ਵਿੱਚੋਂ ਕਿਹੜੇ ਢੰਗ ਹਨ?

a) ਮੁੱਲ ਦੀ ਕਟੌਤੀ

b) ਫੈਸ਼ਨ ਸ਼ੋਅ

c) ਸਜਾਵਟੀ ਖਿੜਕੀ

d) ਉਪਰੋਕਤ ਸਾਰੇ।

14. ਨੀਡਲ ਥਰੈਡਰ ਕਿਸ ਕੰਮ ਆਉਂਦਾ ਹੈ

a) ਸੂਈ ਵਿਚ ਧਾਗਾ ਪਾਉਣ ਦੇ

b) ਕਾਜ ਕਰਨ ਦੇ

c) ਮੇਰੀ ਕਰਨ ਦੇ

d) ਟੱਕ ਲਗਾਉਣ ਦੇ

15. ਡਬਲ ਸੂਈ ਮਸ਼ੀਨ ਕਿਸ ਕੰਮ ਆਉਂਦੀ ਹੈ?

a) ਕਢਾਈ ਕਰਨ ਦੇ।

b) ਓਵਰ ਲਾਕ ਕਰਨ ਦੇ।

c) ਬਟਨ ਲਗਾਉਣ ਦੇ

d) ਦੂਹਰਾ ਬਖੀਆਂ ਲਗਾਉਣ ਲਈ

True /false

1. ਹਰ ਵਿਅਕਤੀ ਦਾ ਸਰੀਰ ਇੱਕ ਇਕ ਦੂਜੇ ਤੋਂ ਭਿੰਨ ਹੁੰਦਾ ਹੈ।
2. ਬਟਨ ਹੋਲ ਮਸ਼ੀਨ ਦੁਆਰਾ ਕਢਾਈ ਕੀਤੀ ਜਾਂਦੀ ਹੈ।
3. ਇੱਕ ਚੰਗੀ ਲੇਆਊਟ ਕਰਨ ਨਾਲ ਘੱਟ ਤੋਂ ਘੱਟ ਕਪੜੇ ਵਿੱਚ ਪੁਸ਼ਾਕ ਬਣਾਈ ਜਾ ਸਕਦੀ ਹੈ।
4. ਔਰਤਾਂ ਦਾ ਤੀਰਾ ਮਰਦਾਂ ਦੇ ਮੁਕਾਬਲੇ ਘੱਟ ਹੁੰਦਾ ਹੈ।
5. ਰੇਡੀਮੇਡ ਕਪੜਾ ਫੈਕਟਰੀ ਵਿੱਚ ਕੱਪੜੇ ਦੀ ਕੁਆਲਟੀ ਮਾਇਨੇ ਨਹੀ ਰਖਦੀ।
6. ਮਰਦਾਂ ਦੇ ਛਾਤੀ ਅਤੇ ਕਮਰ ਵਿਚ ਦਸ ਇੰਚ ਦਾ ਫਰਕ ਹੁੰਦਾ ਹੈ।
7. XL ਤੋਂ ਭਾਵ extra large ਹੈ।
8. ਕੱਪੜੇ ਨੂੰ ਹਮੇਸ਼ਾਂ ਸਿਦੇ ਪਾਸੇ ਤੋਂ ਕਟਣਾ ਚਾਹੀਦਾ ਹੈ।
9. ਆਡਾ ਕੱਪੜਾ ਪਾੜ ਕੇ ਕੱਟਣ ਨਾਲ ਕਾਣ ਪੈ ਜਾਂਦੀ ਹੈ।
10. ਪਤਲੇ ਜਾਂ ਜਾਲੀਦਾਰ ਕਪੜੇ ਥੱਲੇ ਕਾਗਜ਼ ਰਖ ਕੇ ਸਿਲਾਈ ਕੀਤੀ ਜਾ ਸਕਦੀ ਹੈ।
11. ਡ੍ਰੈਸ ਦੀ ਪੂਰੀ ਲੰਬਾਈ ਗਲੇ ਤੋਂ ਲੈ ਕੇ ਹੇਠਾਂ ਫੱਟੇ ਤੱਕ ਲਈ ਜਾਂਦੀ ਹੈ।
12. ਖਿੜਕੀ ਪ੍ਰਦਰਸ਼ਨ ਯੋਜਨਾਬੱਧ ਜਾਂ ਕਿਸੇ ਖਾਸ ਵਿਸ਼ੇ ਸਬੰਧੀ ਕੀਤੀ ਜਾਣੀ ਚਾਹੀਦੀ ਹੈ।
13. ਕੁਆਲਿਟੀ ਇੰਸਪੈਕਟਰ ਕਪੜੇ ਦਾ ਡਿਜ਼ਾਈਨ ਤਿਆਰ ਕਰਦਾ ਹੈ।
14. ਰੇਸ਼ੇ ਵਿਚ ਕਿਸੇ ਹੋਰ ਰੇਸ਼ੇ ਨੂੰ ਮਿਲਾ ਕੇ ਕਪੜੇ ਦੀ ਗੁਣਵੱਤਾ ਵਧਾਈ /ਬਦਲੀ ਜਾ ਸਕਦੀ ਹੈ।
15. ਕਪੜਾ ਫੈਸ਼ਨ ਅਨੁਸਾਰ ਨਹੀਂ ਪਾਉਣਾ ਚਾਹੀਦਾ।

Fill ups-

1. ਕੱਪੜੇ ਤੇ ਗੁਣਾਂ ਬਾਰੇ ਦਰਸਾਉਣਾ ਕਪੜੇ ਦੀ....... ਅਖਵਾਉਂਦਾ ਹੈ।
2. ਕੱਪੜੇ ਦੇ ਦੇ ਆਊਟ ਕਰਦੇ ਸਮੇਂ, ਰੰਗਦਾਰ ਚਾਕ ਨਾਲ ਕਪੜੇ ਦੇ....... ਪਾਸੇ ਲਗਾਏ ਜਾਂਦੇ ਹਨ।
3. ਧਾਗੇ ਦੀ ਮੁਟਾਈ ....... ਅਨੁਸਾਰ ਵਰਤਣੀ ਚਾਹੀਦੀ ਹੈ।
4. ਮਸ਼ੀਨ ਦਾ ਬਖੀਆ ਆਮ ਸਿਲਾਈ ਲਈ ਇੱਕ ਇੰਚ ਵਿੱਚ ਤਕਰੀਬਨ . ........ਸਟਿਚ ਦੇ ਹਿਸਾਬ ਨਾਲ ਰੱਖਣਾ ਚਾਹੀਦਾ ਹੈ।
5. .........ਵਿਭਾਗ ਵਿਚ ਕੱਟੇ ਹੋਏ ਪੀਸਾ ਨੂੰ ਇਕ ਗੰਢ ਵਿੱਚ ਬੰਨਿਆ ਜਾਂਦਾ ਹੈ ਤਾਂ ਕਿ ਹਰੇਕ ਪੀਸ ਦੀ ਪਛਾਣ ਕਰਕੇ ਟਿਕਟਾਂ ਲਗਾਈਆਂ ਜਾਣ ਸਕਣ।
6. ਬਜ਼ਾਰ ਵਿੱਚ...........ਖਰੀਦਣ ਸਮੇਂ ਕਪੜੇ ਦੀ ਕਿਸਮ, ਰੰਗ ਅਤੇ ਅਰਜ ਦਾ ਗਿਆਨ ਹੋਣਾ ਜਰੂਰੀ ਹੈ।
7. ........ਮਸ਼ੀਨ ਰਾਹੀਂ ਦੀ ਸਹਾਇਤਾ ਨਾਲ ਸੋਖੇ, ਛੇਤੀ ਅਤੇ ਸੁਚੱਜੇ ਢੰਗ ਨਾਲ ਬਟਨ ਲਗਾਏ ਜਾਂਦੇ ਹਨ।
8. ਗਰੇਡਿੰਗ ਹੱਥਾਂ ਨਾਲ ਜਾਂ......... ਰਾਹੀਂ ਵੀ ਕੀਤੀ ਜਾਂਦੀ ਹੈ।
9. ਕੱਪੜਿਆ ਉੱਪਰ ...... ਦੁਆਰਾ ਦਿੱਤੀਆਂ ਹਦਾਇਤਾਂ ਦੁਆਰਾ ਵੱਖਰੇ- ਵੱਖਰੇ ਕੱਪੜਿਆਂ ਨੂੰ ਧੋਣਾ, ਪ੍ਰੈਸ ਕਰਨਾ ਅਤੇ ਸੰਭਾਲਣ ਸੰਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ।
10. ....... ਨੂੰ ਪ੍ਰੋਤਸਾਹਿਤ ਕਰਨ ਲਈ ਖਪਤਕਾਰਾਂ ਨੂੰ ਨਵੇਂ, ਰੌਚਿਕ ਅਤੇ ਪ੍ਰਭਾਵਸ਼ਾਲੀ ਤਰੀਕੇ ਅਪਣਾਉਂਦੇ ਹਨ।
11. ਸਰੀਰਿਕ ਨਾਪ ......... ਵਿੱਚ ਵੰਡਿਆ ਜਾਂਦਾ ਹੈ।
12. (M) ਤੋਂ ਭਾਵ ਹੈ...........।
13. ਓਵਰਲਾਕ ਮਸ਼ੀਨ ਵਿੱਚ ........ ਧਾਗੇ ਪੈਂਦੇ ਹਨ।
14. ਡੱਬੇ ਵਿਚ ਗਾਰਮੈਂਟ ਰੱਖਣ ਤੋਂ ਪਹਿਲਾਂ ਹੇਠਾਂ ......... ਕਾਗਜ ਵਿਛਾ ਕੇ ਰੱਖਿਆ ਜਾਂਦਾ ਹੈ ਤਾਂ ਜੋ ਕੱਪੜਾ ਗੰਦਾ ਨਾ ਹੋਵੇ।
15. ਕੱਪੜੇ ਦੀ ਕੀਮਤ ਬਰੈਂਡ ਸਟੋਰ ਦੀ ਸੁਹਰਤ ਵੀ ਕਿਸੇ ਹੱਦ ਤੱਕ . ਕੱਪੜੇ ਦੀ .............. ਦਾ ਸੂਚਕ ਹੁੰਦੇ ਹਨ।

Match the following

| | | |
|---|---|---|
| 1 | ਔਵਰਲਾਕ ਮਸ਼ੀਨ | ਬਲਾਕ ਪੈਟਰਨ ਵਿੱਛਾ ਕੇ ਕਪੜੇ ਤੇ ਲੇਆਉਟ ਬਣਾਉਣਾ |
| 2 | ਡਬਲ ਸੂਈ ਮਸ਼ੀਨ | ਕਪੜੇ ਤੇ ਜਿਗ-ਜੈਗਕਰਨ ਲਈ |
| 3 | ਕੋਰਡ ਮਸ਼ੀਨ | ਵਪਾਰਕ ਪੱਧਰ ਤੇ ਕੱਪੜੇ ਦੀਆਂ ਕਈ ਤੈਹਾਂ ਨੂੰ ਤੇ ਇੱਕੋ ਸਮੇਂ ਕਟਣਾ। |
| 4 | ਬਲਾਕ ਲੇਆਉਟ | ਲੰਬਾਈ, ਚੌੜ੍ਹਾਈ, ਗੁਲਾਈ ਦੇ ਨਾਪ |
| 5 | ਜਿਗ-ਜੈਗ ਮਸ਼ੀਨ। | ਹੱਥ ਦੀ ਸੂਈ ਨਾਲ ਕੰਮ ਕਰਨ ਲੱਗਿਆਂ ਉਂਗਲ ਤੇ ਪਾਉਣਾ |
| 6 | ਟਿਕਟਿੰਗ | ਗਾਰਮੈਂਟ ਦੀਆਂ ਅੰਦਰਲੀਆਂ ਸਿਲਾਈਆਂ ਵਿਚੋਂ ਲਟਕਦੇ ਧਾਗਿਆਂ ਦੀ ਸਫ਼ਾਈ ਅਤੇ ਪੱਕਾ ਧਰਨਾ। |
| 7 | ਸੁੱਕੀ ਧੂੜ | ਮਸ਼ੀਨ ਵਿੱਚ ਦੋ ਸੂਈਆਂ ਦਾ ਇਕੱਠਾ ਕੰਮ ਕਰਨਾ । |
| 8 | ਫੈਸ਼ਨ ਸ਼ੋਅ, ਫੈਸ਼ਨ ਪੱਤਰਕਾਰੀ | ਸਭ ਤੋਂ ਪਹਿਲਾਂ ਤਿਆਰ ਕੀਤਾ ਹੋਇਆ ਨਮੂਨੇ ਦਾ ਖਾਕਾ, ਜਿਸ ਤੋਂ ਅੱਗੇ ਹੈ ਇਸ ਦੀਆਂ ਕਾਪੀਆਂ ਬਣਾਈਆਂ ਜਾਂਦੀਆਂ ਹਨ। |
| 9 | ਬਿਜਲੀ ਨਾਲ ਚੱਲਣ ਵਾਲਾ ਕਟਰ | ਕੱਪੜੇ ਧੋਣ ਵਾਲੇ ਪਾਊਡਰ ਅਤੇ ਗਰਮ ਪਾਣੀ ਦੇ ਘੋਲ ਵਿੱਚ ਭਿਉਂ ਕੇ ਸਕਸ਼ਨ ਵਾਸ਼ਰ ਰਾਹੀਂ ਕੱਪੜੇ ਦੀ ਧੁਲਾਈ ਕਰਨਾ। |
| 10 | ਅੰਗੂਸਤਾਨਾ | ਬਹੁਤ ਵੱਡਾ(Extra large) |
| 11 | ਨੀਡਲ ਥਰੇਡਰ | ਸੂਈ ਵਿਚ ਧਾਗਾ ਪਾਉਣ ਦਾ ਔਜ਼ਾਰ |
| 12 | ਮਾਸਟਰ ਪੈਟਰਨ | ਕਪੜੇ ਦੇ ਕੱਟੇ ਹੋਏ ਭੀ ਸਾਨੂੰ ਇਕ ਗੰਢ ਵਿਚ ਬੰਨ੍ਹਿਆ |

| | | |
|---|---|---|
| | | ਜਾਣਾ। |
| 13 | ਸ਼ਰੀਰਿਕ ਨਾਪ | ਵਿਕਰੀ ਪ੍ਰੋਤਸਾਹਨ ਦੇ ਢੰਗ |
| 14 | XL | ਮਸ਼ੀਨ ਨਾਲ ਫੈਸੀ ਡੋਰੀ ਲਗਾਉਣ। |
| 15 | ਸਥਿਰ ਧੂੜ | ਬੁਰਸ਼ ਨਾਲ ਰਗੜ ਕੇ ਕਪੜੇ ਸਾਫ ਕੀਤੀ ਜਾ ਸਕਦੀ ਹੈ। |

10+2 **ਸਟ੍ਰੀਮ : ਵੋਕੇਸ਼ਨਲ** **ਟਰੇਡ : ਗਾਰਮੈਂਟ ਮੇਕਿੰਗ**

**ਵਿਸ਼ਾ : ਯੂਨਿਟ ਮੈਨੇਜਮੈਂਟ ( Unit Management )** **ਪੇਪਰ ਕੋਡ : 097**

Part-2 (Very Short Que-Ans)

1} ਕੱਚਾ ਮਾਲ ਕੀ ਹੁੰਦਾ ਹੈ ?

2} ਸਿਲਾਈ ਮਸ਼ੀਨ ਕਿੰਨੇ ਤਰ੍ਹਾਂ ਦੀ ਹੁੰਦੀ ਹੈ ?

3} ਪੂੰਜੀ ਕਿੰਨੀ ਤਰ੍ਹਾਂ ਦੀ ਹੁੰਦੀ ਹੈ ?

4} ਲੇ-ਆਊਟ ਤੋਂ ਕੀ ਭਾਵ ਹੈ ?

5} ਕੁਆਲਿਟੀ ਕੰਟ੍ਰੋਲ ਤੋਂ ਕੀ ਭਾਵ ਹੈ ?

6} ਕੰਮ ਕਰਨ ਵਾਲੀ ਥਾਂ ਤੇ ਦੁਰਘਟਨਾ ਹੋਣ ਦਾ ਕੋਈ ਇੱਕ ਕਾਰਨ ਲਿਖੋ ।

7} ਓਵਰਲੋਕ ਮਸ਼ੀਨ ਕਿਸ ਕੰਮ ਆਉਂਦੀ ਹੈ ?

8} ਮਾਰਕੀਟਿੰਗ (Marketing) ਕੀ ਹੈ ?

9} ਗਾਰਮੈਂਟ ਤਿਆਰ ਕਰਨ ਲਈ ਕੋਈ ਦੋ ਮਸ਼ੀਨਾਂ ਦੇ ਨਾਮ ਲਿਖੋ ।

10} ਮਰਚੈਂਡਾਈਜ਼ਿੰਗ (Merchandising) ਤੋਂ ਕੀ ਭਾਵ ਹੈ ?

11} ਅਕੁਸ਼ਲ ਕਰਮਚਾਰੀ ਨੂੰ ਕੁਸ਼ਲ ਬਣਾਉਣ ਦੇ ਲਈ ਕੀ ਕਰਨਾ ਪੈਂਦਾ ਹੈ ?

12} ਕੁਆਲਿਟੀ ਇੰਸਪੈਕਟਰ ਕੌਣ ਹੁੰਦਾ ਹੈ ?

13} ਪ੍ਰੈਸਾਂ ਕਿੰਨੀਆਂ ਕਿਸਮਾਂ ਦੀਆਂ ਹੁੰਦੀਆਂ ਹਨ ?

14} ਡ੍ਰਾਫਟਿੰਗ ਸੰਬੰਧੀ ਕੋਈ ਦੋ ਔਜ਼ਾਰਾਂ ਦੇ ਨਾਂ ਲਿਖੋ ।

15} ਮਸ਼ੀਨਾਂ ਦੀ ਸਫ਼ਾਈ ਲਈ ਕਿਹੋ ਜਿਹਾ ਕੱਪੜਾ ਵਰਤਣਾ ਚਾਹੀਦਾ ਹੈ ?

16} ਵਸਤਰ ਉਦਯੋਗ ਵਿੱਚ ਉਪਯੋਗ ਕੀਤੇ ਜਾਂਦੇ ਕੋਈ ਦੋ ਕੱਚੇ ਮਾਲ ਕਿਹੜੇ ਹਨ ?

17} ਕਰਮਚਾਰੀ ਕਿੰਨੇ ਪ੍ਰਕਾਰ ਦੇ ਹੁੰਦੇ ਹਨ ?

18} ਫਰੈਂਚਾਈਜ਼ (Franchise) ਤੋਂ ਕੀ ਭਾਵ ਹੈ ?

19} ਪ੍ਰਚੂਨ ਪ੍ਰਬੰਧਨ (ਰਿਟੇਲ ਮੈਨੇਜਮੈਂਟ)ਤੋਂ ਕੀ ਭਾਵ ਹੈ ?

20} ਮੁੱਢਲੇ ਉਪਚਾਰ ਦੇ ਸਮਾਨ(First aid material) ਸਬੰਧੀ ਕੋਈ ਦੋ ਚੀਜ਼ਾਂ ਦੱਸੋ ।

Part-3( Que-Ans-3marks)

1} ਗਾਰਮੈਂਟ ਉਦਯੋਗ ਵਿੱਚ ਡਿਜ਼ਾਈਨਰ ਦਾ ਕੀ ਕੰਮ ਹੁੰਦਾ ਹੈ ?

2} ਵਿੱਤੀ ਪ੍ਰਬੰਧ ਕੀ ਹੁੰਦਾ ਹੈ ?

3} ਮਾਰਕੀਟਿੰਗ ਦਾ ਕੀ ਮਹੱਤਵ ਹੈ ?

4} ਕਰਮਚਾਰੀ ਨੂੰ ਟ੍ਰੇਨਿੰਗ ਦੇਣੀ ਕਿਉਂ ਜ਼ਰੂਰੀ ਹੁੰਦੀ ਹੈ ?

5} ਗਾਰਮੈਂਟ ਦੀ ਕੁਆਲਿਟੀ ਕਿਵੇਂ ਯਕੀਨੀ ਬਣਾਈ ਜਾ ਸਕਦੀ ਹੈ ?

6} ਗਾਰਮੈਂਟ ਇੰਡਸਟਰੀ ਵਿਚ ਇੰਸਪੈਕਸ਼ਨ ਦਾ ਕੀ ਮਹੱਤਵ ਹੈ ?

7} ਗਾਰਮੈਂਟ ਉਦਯੋਗ ਵਿੱਚ ਕੱਚੇ ਮਾਲ ਦੀ ਕੀ ਮਹੱਤਤਾ ਹੈ ?

8} ਕੁਸ਼ਲ ਅਤੇ ਅਕੁਸ਼ਲ ਕਾਰੀਗਰਾਂ ਵਿੱਚ ਕੀ ਫ਼ਰਕ ਹੁੰਦਾ ਹੈ ?

9} ਇਕਾਈ ਵਿੱਚ ਮੁੱਢਲੇ ਉਪਚਾਰ ਦੇ ਸਮਾਨ(First aid material) ਲਈ ਲੋੜੀਂਦੀਆਂ ਵਸਤੂਆਂ ਦੇ ਨਾਮ ਲਿਖੋ।

10} ਕਾਰੀਗਰਾਂ ਨੂੰ ਕੰਮ ਦੌਰਾਨ ਅਨੁਸ਼ਾਸਨ ਰੱਖਣਾ ਕਿਉਂ ਜ਼ਰੂਰੀ ਹੈ ?

11} ਚੰਗੀ ਲੇ-ਆਉਟ ਨਾਲ ਕਰਮਚਾਰੀਆਂ ਦੀ ਕਾਰਜਸ਼ੀਲਤਾ ਵਿੱਚ ਕਿਵੇਂ ਵਾਧਾ ਹੁੰਦਾ ਹੈ ?

12} ਸੇਲਜ਼ਮੈਨ ਮੈਨੇਜਰ ਦੇ ਕਾਰਜ ਦੱਸੋ ।

13} ਕਰਮਚਾਰੀਆਂ ਦੀ ਭਰਤੀ ਦੇ ਕਿਹੜੇ ਸਰੋਤ ਹਨ ?

14} ਵਹੀ ਖਾਤਾ ਅਤੇ ਰੋਜ਼ਨਾਮਚਾ ਵਿੱਚ ਅੰਤਰ ਲਿਖੋ ।

15} ਗਾਰਮੈਂਟ ਉਦਯੋਗ ਵਿੱਚ ਕੱਚੇ ਮਾਲ ਦੀ ਸਾਂਭ ਸੰਭਾਲ ਸਾਂਭ ਸੰਭਾਲ ਕਿਵੇਂ ਕੀਤੀ ਜਾਂਦੀ ਹੈ ?

16} ਗਾਰਮੈਂਟ ਇੰਡਸਟਰੀ ਵਿੱਚ ਕੁਆਲਿਟੀ ਕੰਟ੍ਰੋਲ ਤੋਂ ਕੀ ਭਾਵ ਹੈ ?ਇਸਦੇ ਲਾਭ ਸੰਬੰਧੀ ਵਿਆਖਿਆ ਕਰੋ।

17} ਮਸ਼ੀਨ ਨੂੰ ਪਾਣੀ ਬਚਾਉਣਾ ਕਿਉਂ ਜ਼ਰੂਰੀ ਹੈ ?

18} ਮਸ਼ੀਨਾਂ ਅਤੇ ਯੰਤਰਾਂ ਦੀ ਚੋਣ ਲੋੜ ਮੁਤਾਬਿਕ ਕਿਉਂ ਕਰਨੀ ਚਾਹੀਦੀ ਹੈ ?

19} ਪ੍ਰਚੂਨ ਪ੍ਰਬੰਧਨ (ਰਿਟੇਲ ਮੈਨੇਜਮੈਂਟ)ਤੋਂ ਕੀ ਭਾਵ ਹੈ ? ਇਸਦੇ ਕੀ ਲਾਭ ਹਨ ?

20} ਇਕਾਈ ਵਿੱਚ ਵਾਪਰਨ ਵਾਲੇ ਵੱਖ ਵੱਖ ਹਾਦਸਿਆਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ ?

## Part-1(Multiple Choice Que-Ans)

1} ਲੇ-ਆਊਟ ਤੋਂ ਕੀ ਭਾਵ ਹੈ ?

a) ਜਗ੍ਹਾ ਦੀ ਠੀਕ ਤੇ ਸੁਚੱਜੀ ਵਰਤੋਂ

b) ਪੈਕਿੰਗ ਦਾ ਪ੍ਰਬੰਧ

c) ਕੰਮ ਦੀ ਸਹੀ ਚਾਲ

d) ਕੋਈ ਨਹੀਂ

2} ਓਵਰਲਾਕ ਮਸ਼ੀਨ ਕਿਸ ਕੰਮ ਆਉਂਦੀ ਹੈ ?

a) ਪੀਕੋ ਕਰਨ ਲਈ

b) ਕੱਪੜੇ ਦੇ ਕਿਨਾਰੇ ਫਿਨਿਸ਼ ਕਰਨ ਲਈ

c) ਸਿਲਾਈ ਕਰਨ ਲਈ

d) ਕੋਈ ਨਹੀਂ

3} ਸਾਇਜ਼ ਲੈਟਰ ਕੋਡ “L” ਕੀ ਹੈ ?

a) Large

b) Extra Large

c) Length

d)  ਕੋਈ ਨਹੀਂ

4} ਸੇਲਜ਼ ਪ੍ਰੋਮੋਸ਼ਨ (Sales Promotion) ਤੋਂ ਕੀ ਭਾਵ ਹੈ  ?

A) ਸੇਲਜ਼ਮੈਨ  ਦੇ ਗੁਣ

b) ਸੇਲ ਵਿੱਚ ਵਾਧਾ

c) ਸੇਲ  ਵਿੱਚ ਘਾਟਾ

d) ਕੋਈ ਨਹੀਂ

5} ਪੱਕੀ ਤੌਰ ਤੇ ਬਣੀ ਹੋਈ ਜਾਇਦਾਦ ਨੂੰ ਕਿਹੜੀ ਪੂੰਜੀ ਕਿਹਾ ਜਾਂਦਾ ਹੈ ?

a) ਕਾਰਜਸ਼ੀਲ ਪੂੰਜੀ

b) ਸਥਾਈ ਪੂੰਜੀ

c) ਅਸਥਾਈ ਪੂੰਜੀ

d) ਕੋਈ ਨਹੀਂ

6} ਕੁਆਲਿਟੀ ਤੋਂ ਕੀ ਭਾਵ ਹੈ ?

a) ਕੱਪੜੇ ਨੂੰ ਚੈੱਕ ਕਰਨਾ

b) ਕੱਪੜੇ ਨੂੰ ਪ੍ਰੈੱਸ ਕਰਨਾ

c) ਕੱਪੜੇ ਦੇ ਗੁਣਾਂ ਬਾਰੇ ਦਰਸਾਉਣਾ

d) ਕੋਈ ਨਹੀਂ

7} ‘ ਕੀ ? ਕਿੱਥੇ ? ਅਤੇ ਕਦੋਂ ? ਕੀਤਾ ਜਾਵੇ ....’ਇਹ ਪ੍ਰਬੰਧ ਦੇ ਕਿਹੜੇ ਕੰਮ ਦਾ ਹਿੱਸਾ ਹਨ ?

a) ਵਿਉਂਤਬੰਦੀ (Planning)

b) ਸੰਗਠਨ (Organisation)

c) ਨਿਗਰਾਨੀ(Control)

d) ਕੋਈ ਨਹੀਂ

8} ਕੰਮ ਕਰਨ ਵਾਲੀ ਥਾਂ ਤੇ ਦੁਰਘਟਨਾ ਹੋਣ ਦਾ ਕਾਰਨ ਦੱਸੋ ।

a) ਕੰਮ ਕਰਨ ਦੀ ਸਥਿਤੀ

b) ਬਹੁਤ ਸਮਾਂ ਕੰਮ ਕਰਨਾ

c) ਆਟੋਮੈਟਿਕ ਸੇਫਟੀ ਗਾਰਡਜ਼

d) ਕੋਈ ਨਹੀਂ

9} ਹੇਠ ਲਿਖਿਆਂ ਵਿੱਚੋਂ ਕਿਹੜੀ ਕਾਰਜਸ਼ੀਲ ਪੂੰਜੀ ਦੀ ਉਦਾਹਰਣ ਹੈ ?

a) ਜ਼ਮੀਨ

b) ਮਸ਼ੀਨਰੀ

c) ਕੱਚਾ ਮਾਲ

d) ਕੋਈ ਨਹੀਂ

10} ਕਰਮਚਾਰੀਆਂ ਦੀ ਭਰਤੀ ਦੇ ਮੁੱਖ ਸਰੋਤ ਕਿਹੜੇ ਹਨ ?

a) ਆਂਤਰਿਕ ਸਰੋਤ

b) ਬਾਹਰੀ ਸਰੋਤ

c) ਆਂਤਰਿਕ ਅਤੇ ਬਾਹਰੀ ਸਰੋਤ ਦੋਵੇਂ

d) ਕੋਈ ਨਹੀਂ

11} ਇਸ ਪੁਸਤਕ ਵਿੱਚ ਨਕਦ ਲੈਣ ਦੇਣ ਲਿਖੇ ਜਾਂਦੇ ਹਨ ।

a) ਕੈਸ਼ ਬੁੱਕ

b) ਵਹੀ ਖਾਤਾ

c) ਬਿੱਲ

d) ਕੋਈ ਨਹੀਂ

12} ਹੇਠ ਲਿਖਿਆਂ ਵਿੱਚੋਂ ਕਿਹੜੇ ਹਾਦਸਿਆਂ ਦੇ ਕਾਰਨ ਹੋ ਸਕਦੇ ਹਨ ?

a) ਅਗਿਆਨਤਾ

b) ਕੰਮ ਵਿੱਚ ਦਿਲਚਸਪੀ ਨਾ ਹੋਣਾ

c) ਬਹੁਤ ਸਮਾਂ ਕੰਮ ਕਰਨਾ

d) ਉਪਰੋਕਤ ਸਾਰੇ

13} ਇਸ ਵਿਚ ਕਰਮਚਾਰੀਆਂ ਨੂੰ ਮਜ਼ਦੂਰੀ ਉਨ੍ਹਾਂ ਰਾਹੀਂ ਕੀਤੇ ਗਏ ਕੰਮ ਦੇ ਅਨੁਸਾਰ ਮਿਲਦੀ ਹੈ।

a) ਸਮੇਂ ਅਨੁਸਾਰ ਮਜ਼ਦੂਰੀ ਭੁਗਤਾਨ

b) ਕੰਮ ਅਨੁਸਾਰ ਮਜ਼ਦੂਰੀ ਭੁਗਤਾਨ

c) ਮਜ਼ਦੂਰੀ ਭੱਤਾ

d) ਕੋਈ ਨਹੀਂ

14} ਮਸ਼ੀਨ ਦੀ ਸਫ਼ਾਈ ਅਤੇ ਤੇਲ ਦੇਣਾ ਕਿਉਂ ਜ਼ਰੂਰੀ ਹੈ ?

a) ਮਸ਼ੀਨ ਨੂੰ ਚੰਗੀ ਹਾਲਤ ਵਿੱਚ ਰੱਖਣ ਲਈ

b) ਕੰਮ ਵਿੱਚ ਸਫ਼ਾਈ ਲਈ

c) ਸਮੇਂ ਦੀ ਬੱਚਤ ਲਈ

d) ਉਪਰੋਕਤ ਸਾਰੇ

15} ਉਦਯੋਗਿਕ ਇਕਾਈ ਲਗਾਉਣ ਲਈ ਮੁੱਖ ਲੋੜਾਂ ਕੀ ਹਨ ?

A) ਉਤਪਾਦਨ ਦੀ ਚੋਣ

b) ਮਾਲਕੀ ਦੀ ਕਿਸਮ

c) ਉਪਰੋਕਤ ਦੋਨੋਂ

d) ਕੋਈ ਨਹੀਂ

## ਖਾਲੀ ਥਾਵਾਂ ਭਰੋ ।

1}ਇਕਾਈ ਨੂੰ ਸਥਾਪਿਤ ਕਰਨ ਲਈ ਲਗਾਈ ਗਈ ਪੂੰਜੀ ਨੂੰ ............ ਪੂੰਜੀ ਕਹਿੰਦੇ ਹਨ ।

2}ਕੱਪੜੇ ਦੇ ਗੁਣਾਂ ਬਾਰੇ ਦਰਸਾਉਣਾ ................ ਅਖਵਾਉਂਦਾ ਹੈ ।

3}ਕੰਮ ਦੀ ......... ਠੀਕ ਹੋਣੀ ਵੀ ਇਕ ਚੰਗੀ ਲੇ ਆਊਟ ਤੇ ਨਿਰਭਰ ਕਰਦੀ ਹੈ ।

4}ਪ੍ਰਾਜੈਕਟ ਚਲਾਉਣ ਦੇ ਲਈ ਸਥਾਈ ਅਤੇ.............. ਪੂੰਜੀ ਦੀ ਲੋੜ ਹੁੰਦੀ ਹੈ।

5}ਕਰਮਚਾਰੀਆਂ ਦੇ ਕੰਮ ਕਰਨ ਦੇ ਲਈ ਇਕ ਚੰਗਾ ................ਹੋਣਾ ਬਹੁਤ ਜ਼ਰੂਰੀ ਹੁੰਦਾ ਹੈ ।

6}ਕੰਨਾਂ ਨੂੰ ਬਹੁਤੀ ਆਵਾਜ਼ ਵਾਲੀਆਂ ਮਸ਼ੀਨਾਂ ਤੋਂ ਬਚਾਉਣ ਲਈ ਕੰਨਾਂ ਵਿੱਚ ਰੂੰਈ ਜਾਂ...........ਪਲੱਗ ਪਾਓ ।

7}ਮੁੱਢਲੀ ਸਹਾਇਤਾ ਦੇ ਸਮਾਨ(First aid material)ਨੂੰ ਇਕ ਬਕਸੇ ਵਿਚ ਰੱਖਿਆ ਹੁੰਦਾ ਹੈ ਜਿਸ ਉੱਪਰ.......ਦਾ ਨਿਸ਼ਾਨ ਹੁੰਦਾ ਹੈ।

8}ਮਸ਼ੀਨ ਦੇ ਕਈ ਹਿੱਸਿਆਂ ਵਿਚ ਤੇਲ ਦੇਣ ਲਈ.......... ਦੇ ਨਿਸ਼ਾਨ ਲੱਗੇ ਹੁੰਦੇ ਹਨ ।

9}ਕੰਮ ਕਰਨ ਦੌਰਾਨ ਸਹੀ ਵਿੱਥ ਨਾਲ ਇਕ ਤਾਂ ਕਰਮਚਾਰੀਆਂ ਦੀ ਸਿਹਤ ਠੀਕ ਰਹਿੰਦੀ ਹੈ ਅਤੇ........ਤੋਂ ਵੀ ਬਚਾਅ ਹੁੰਦਾ ਹੈ।

10}ਕੱਪੜੇ ਜਾਂ ਵਸਤਰ ਦੀ ਵਿਕਰੀ ਉਸਦੀ ਚੰਗੀ ............... ਤੇ ਹੀ ਨਿਰਭਰ ਕਰਦੀ ਹੈ।

11}ਕੁਆਲਿਟੀ ਇੰਸਪੈਕਟਰ ਦਾ ਕੰਮ...........ਕਰਨਾ ਹੁੰਦਾ ਹੈ।

12}ਕਰਮਚਾਰੀਆਂ ਦੀ ਭਰਤੀ ਦੇ ਦੋ ਮੁੱਖ ਸਰੋਤ, ਆਂਤਰਿਕ ਸਰੋਤ ਅਤੇ .......... ਸਰੋਤ ਹਨ ।

13}ਸੂਈਆਂ ਅਤੇ ਪਿੰਨਾਂ ਨੂੰ ..........ਵਿੱਚ ਰੱਖਣਾ ਚਾਹੀਦਾ ਹੈ।

14}ਵੱਡੀਆਂ ਇਕਾਈਆਂ ਵਿਚ ............ਮਸ਼ੀਨਾਂ ਤੋਂ ਕੰਮ ਲਿਆ ਜਾਂਦਾ ਹੈ।

15}ਜਿਹੜੇ ਕਰਮਚਾਰੀ ਕੰਮ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਹੁੰਦੇ, ਉਨ੍ਹਾਂ ਨੂੰ.......... ਦੌਰਾਨ ਨਿਪੁੰਨ ਕੀਤਾ ਜਾਂਦਾ ਹੈ।

## ਹੇਠ ਲਿਖਿਆਂ ਵਿੱਚੋਂ ਸਹੀ/ਗ਼ਲਤ ਦੱਸੋ ।

1}ਕੱਚਾ ਮਾਲ ਬਾਹਰੋਂ ਮੰਗਵਾਉਣ ਲਈ ਆਯਾਤ ਲਾਈਸੈਂਸ ਦੀ ਲੋੜ ਨਹੀਂ ਹੁੰਦੀ ।

2}ਮਿੱਟੀ ਘੱਟੇ ਤੋਂ ਬਚਾਉਣ ਲਈ ਮਸ਼ੀਨਾਂ ਨੂੰ ਵੈਕਿਊਮ ਕਲੀਨਰ ਨਾਲ ਸਾਫ ਕਰਕੇ ਰੱਖਣਾ ਚਾਹੀਦਾ ਹੈ।

3}ਕੈਂਚੀਆਂ ਅਤੇ ਪੇਚਾਂ ਨੂੰ ਤੇਲ ਦੇ ਕੇ ਫੇਰ ਸੰਭਾਲਣਾ ਚਾਹੀਦਾ ਹੈ।

4}ਕੁਆਲਿਟੀ ਇੰਸਪੈਕਟਰ ਹਮੇਸ਼ਾਂ ਤਰੁਟੀਆਂ ਨੂੰ ਪਰਖਦਾ ਅਤੇ ਦੂਰ ਕਰਵਾਉਂਦਾ ਹੈ।

5}ਅੱਗ ਬੁਝਾਉਣ ਵਾਲੇ ਯੰਤਰ(Fire Extinguishers) ਵਿੱਚ ਸੋਡੀਅਮ ਬਾਈਕਾਰਬੋਨੇਟ ਦਾ ਘੋਲ ਭਰਿਆ ਹੁੰਦਾ ਹੈ।

6}ਬਟਨ ਲਗਾਉਣ ਵਾਲੀ ਮਸ਼ੀਨ ਕਾਜ ਵੀ ਬਣਾਉਂਦੀ ਹੈ ।

7}ਬਿਜਲੀ ਨਾਲ ਚੱਲਣ ਵਾਲਾ ਕਟਰ(Electric cutter)ਕੱਪੜੇ ਦੀਆਂ ਕਈ ਤੈਹਾਂ ਨੂੰ ਇਕਸਾਰ ਨਹੀਂ ਕੱਟ ਸਕਦਾ।

8}ਅੱਗ ਲੱਗਣ ਤੋਂ ਬਚਾਅ ਕਰਨ ਦੇ ਲਈ ਬਿਜਲੀ ਦੀਆਂ ਤਾਰਾਂ ਉੱਪਰ ਪਾਣੀ ਸੁੱਟਣ ਦੀ ਬਜਾਏ ਮੇਨ ਸਵਿੱਚ ਤੁਰੰਤ ਬੰਦ ਕਰ ਦੇਣਾ ਚਾਹੀਦਾ ਹੈ।

9}ਕਰਮਚਾਰੀ ਨੂੰ ਕੰਮ ਵਿੱਚ ਨਿਪੁੰਨ ਕਰਨ ਦੇ ਲਈ ਟ੍ਰੇਨਿੰਗ ਦੀ ਲੋੜ ਹੁੰਦੀ ਹੈ

10}ਪ੍ਰਾਜੈਕਟ ਚਲਾਉਣ ਲਈ ਪੂੰਜੀ ਦੀ ਲੋੜ ਨਹੀਂ ਹੁੰਦੀ

11}ਇਕਾਈ ਦੀ ਚੰਗੀ ਲੇ ਆਊਟ ਹੋਣ ਨਾਲ ਕਰਮਚਾਰੀਆਂ ਦੀ ਕਾਰਜ ਕੁਸ਼ਲਤਾ ਵਿੱਚ ਵਾਧਾ ਹੁੰਦਾ ਤੇ ਕੰਮ ਵਿੱਚ ਰੁਕਾਵਟ ਨਹੀਂ ਹੁੰਦੀ ।

12}ਰੋਜ਼ਨਾਮਚਾ ਹਿਸਾਬ ਰੱਖਣ ਲਈ ਇਕ ਸਹਾਇਕ ਕਿਤਾਬ ਹੈ ।

13}ਮਾਰਕੀਟਿੰਗ ਲਗਾਤਾਰ ਚੱਲਣ ਵਾਲੀ ਕਿਰਿਆ ਹੈ।

14}ਕੱਪੜੇ ਜਾਂ ਵਸਤਰ ਦੀ ਕੁਆਲਿਟੀ ਦਾ ਉਸ ਦੀ ਸੇਲ ਉੱਤੇ ਕੁਝ ਖ਼ਾਸ ਪ੍ਰਭਾਵ ਨਹੀਂ ਪੈਂਦਾ।

15} ਗਾਰਮੈਂਟ ਇੰਡਸਟਰੀ ਦੀਆਂ ਵੱਡੀਆਂ ਇਕਾਈਆਂ ਵਿਚ ਆਟੋਮੈਟਿਕ ਮਸ਼ੀਨਾਂ ਤੋਂ ਕੰਮ ਲਿਆ ਜਾਂਦਾ ਹੈ।

**Match the following**

| | | |
|---|---|---|
| 1 | ਵਹੀ ਖਾਤਾ | ਕੱਪੜੇ ਦੀਆਂ ਤਰੁਟੀਆਂ ਦੀ ਜਾਂਚ |
| 2 | ਡਿਜ਼ਾਈਨਰ | ਪੈਕਿੰਗ ਤੇ ਕੀਤਾ ਗਿਆ ਖਰਚਾ |
| 3 | ਲੇ ਆਊਟ | ਦੋ ਜਾਂ ਦੋ ਤੋਂ ਵੱਧ ਬੰਦਿਆਂ ਦੀ ਮਲਕੀਅਤ ਹੋਣਾ |
| 4 | ਕੁਆਲਟੀ ਇੰਸਪੈਕਟਰ | ਸੌਖੀਆਂ ਸ਼ਰਤਾਂ ਤੇ ਕਰਜ਼ਾ ਦੇਣਾ |
| 5 | ਸ਼ਾਰਟ ਸਰਕਟ | ਆਪਣੇ ਹੁਨਰ ਨਾਲ ਨਵੇਂ ਡਿਜ਼ਾਈਨਾਂ ਨੂੰ ਤਿਆਰ ਕਰਨਾ |
| 6 | ਆਂਤਰਿਕ ਭਰਤੀ ਸਰੋਤ | ਵੱਖ ਵੱਖ ਵਿਭਾਗਾਂ ਦੇ ਕੰਮਕਾਜ ਅਤੇ ਉਦੇਸ਼ਾਂ ਸਬੰਧੀ ਵਰਣਨ |
| 7 | ਕੰਮ ਦਾ ਮੁਲਾਂਕਣ | ਮਾਲ ਦਾ ਲੇਖਾ ਜੋਖਾ ਰੱਖਣਾ |
| 8 | ਕੁਆਲਿਟੀ ਕੰਟਰੋਲ | ਰੁਜ਼ਗਾਰ ਦਫ਼ਤਰ , ਵਿਗਿਆਪਨ |
| 9 | ਭਾਈਵਾਲੀ | ਦੋ ਨੰਗੀਆਂ ਤਾਰਾਂ ਦਾ ਆਪਸ ਵਿੱਚ ਜੁੜ ਜਾਣਾ |
| 10 | ਇੰਡਸਟ੍ਰੀਅਲ ਸਿਲਾਈ ਮਸ਼ੀਨ | ਹਿਸਾਬ ਕਿਤਾਬ ਰੱਖਣ ਦੀ ਮੁੱਖ ਕਿਤਾਬ |
| 11 | ਕੱਚਾ ਮਾਲ | ਪੈਕ ਕਰਕੇ ਵੇਚਣ ਤੋਂ ਪਹਿਲਾਂ ਨਿਰੀਖਣ ਕਰਨਾ |
| 12 | ਮਾਸਟਰ ਪਲੈਨ | ਕੰਮ ਅਤੇ ਕਾਰਗੁਜ਼ਾਰੀ ਲਈ ਯੋਗ ਥਾਂ ਦੀ ਵਿਉਂਤਬੰਦੀ |
| 13 | ਕਾਰਜਸ਼ੀਲ ਪੂੰਜੀ | ਕਰਮਚਾਰੀ ਦਾ ਵਿਵਹਾਰ ਯੋਗਤਾ ਅਤੇ ਪ੍ਰਗਤੀ ਰਿਪੋਰਟ |
| 14 | ਸਟੋਰ ਕੀਪਰ | ਤੇਜ਼ ਰਫਤਾਰ ਨਾਲ ਚੱਲਣ ਵਾਲੀ ਮਸ਼ੀਨ |

| | | |
|---|---|---|
| | | |
| 15 | ਜ਼ਿਲ੍ਹਾ ਉਦਯੋਗ ਸੈਂਟਰ | ਉਤਪਾਦ ਤਿਆਰ ਕਰਨ ਲਈ ਜ਼ਰੂਰੀ |